# ਚੰਗੀ ਪੰਜਾਬੀ ਫ਼ਿਲਮ ਹਰ ਹਾਲਤ ਬਣਨੀ ਚਾਹੀਦੀ ਹੈ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪੰਜਾਬੀ ਜ਼ਬਾਨ ਨੂੰ ਪਿਆਰ ਕਰਨ ਵਾਲੇ ਪੰਜਾਬੀ ਫ਼ਿਲਮਾਂ ਬਾਰੇ ਫ਼ਿਕਰਮੰਦ ਹਨ। ਉਨ੍ਹਾਂ ਦਾ ਫ਼ਿਕਰ ਕੁਦਰਤੀ ਹੈ ਕਿਉਂਕਿ ਫ਼ਿਲਮ ਕਲਾ ਅੱਜ ਦੇ ਯੁੱਗ ਵਿਚ ਉਹ ਕਲਾ ਹੈ ਜੋ ਤਕਨੀਕੀ ਵਿਕਾਸ ਕਰ ਕੇ ਸਿਖਰ ਛੂਹ ਰਹੀ ਹੈ ਅਤੇ ਅਵਾਮ ਵਿਚ ਸਾਰਿਆਂ ਨਾਲੋਂ ਮਕਬੂਲ ਕਲਾ ਹੈ। ਚੰਗੀ ਫ਼ਿਲਮ ਬਣੇ, ਲੋਕਾਂ ਤਕ ਪਹੁੰਚੇ ਤਾਂ ਉਹ ਸਮੁੱਚੇ ਸਮਾਜ ਦੀਆਂ ਸੰਵੇਦਨਸ਼ੀਲ ਕਦਰਾਂ-ਕੀਮਤਾਂ ਦਾ ਵਿਕਾਸ ਹੁੰਦਾ ਹੈ। ਪੰਜਾਬੀ ਜ਼ਬਾਨ ਬੋਲਣ ਵਾਲੇ ਲੋਕ ਹੁਣ ਸਾਰੀ ਦੁਨੀਆ ਵਿਚ ਫੈਲੇ ਹੋਏ ਹਨ। ਉਨ੍ਹਾਂ ਦੀ ਗਿਣਤੀ ਥੋੜ੍ਹੀ ਨਹੀਂ। ਸੋ, ਇਹ ਜ਼ਰੂਰੀ ਨਹੀਂ ਕਿ ਪੰਜਾਬੀ ਫ਼ਿਲਮ ਘਾਟੇ ਦਾ ਕਾਰਜ ਹੀ ਹੋਵੇ। ਸ਼ਰਤ ਇਹੀ ਹੈ ਕਿ ਉਹ ਚੰਗੀ ਫ਼ਿਲਮ ਹੋਵੇ।

ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਫ਼ਿਲਮ ਦੇ ਉਹੀ ਦਰਸ਼ਕ ਹਨ, ਜੋ ਹਿੰਦੀ ਫ਼ਿਲਮ ਦੇ ਵੀ ਦਰਸ਼ਕ ਹਨ। ਪੰਜਾਬ ਦੇ ਸਾਰੇ ਲੋਕ ਹਿੰਦੀ ਫ਼ਿਲਮਾਂ ਦੀ ਜਿਹੜੀ ਹਿੰਦੁਸਤਾਨੀ ਜ਼ਬਾਨ ਹੈ, ਉਹਨੂੰ ਪੂਰੀ ਤਰ੍ਹਾਂ ਸਮਝਦੇ ਹਨ, ਇਸ ਕਰਕੇ ਜੋ ਉਨ੍ਹਾਂ ਨੂੰ ਵੱਡੇ ਬਜਟ ਅਤੇ ਸੁਪਰਸਟਾਰ ਵਾਲੀਆਂ ਹਿੰਦੀ ਫ਼ਿਲਮਾਂ ਵੇਖਣ ਨੂੰ ਮਿਲਦੀਆਂ ਹਨ ਤਾਂ ਉਹ ਪੰਜਾਬੀ ਫ਼ਿਲਮਾਂ ਕਿਉਂ ਵੇਖਣ? ਇਹ ਸੋਚਣੀ ਕਾਫ਼ੀ ਹੱਦ ਤਕ ਠੀਕ ਵੀ ਹੈ, ਪਰ ਪਿਛਲੇ ਹਫ਼ਤੇ 22 ਅਗਸਤ ਪਿਕਾਡਲੀ ਚੰਡੀਗੜ੍ਹ ਵਿਚ ਗੁਰਦਾਸ ਮਾਨ ਦੀ ਫ਼ਿਲਮ ਸ਼ਹੀਦੇ ਮੁਹੱਬਤ ਵੇਖਣ ਤੋਂ ਬਾਅਦ ਇਹ ਅਹਿਸਾਸ ਹੋਇਆ ਕਿ ਪੰਜਾਬ ਦੇ ਪਿਛੋਕੜ ਦੀਆਂ ਕੁਝ ਕਹਾਣੀਆਂ ਐਸੀਆਂ ਹਨ, ਜਿਨ੍ਹਾਂ ਦੀਆਂ ਸਿਰਫ਼ ਪੰਜਾਬੀ ਜ਼ਬਾਨ ਵਿਚ ਬਣੀਆਂ ਫ਼ਿਲਮਾਂ ਹੀ ਪ੍ਰਭਾਵ ਪਾ ਸਕਦੀਆਂ ਹਨ। ਇਹ ਇਸ ਫ਼ਿਲਮ ਦਾ ਪਰਵਿਊ ਸ਼ੋਅ ਸੀ ਅਤੇ ਇਸ ਸ਼ੋਅ ਦਾ ਸੱਦਾ ਸਭਿਆਚਾਰਕ ਮਾਮਲੇ ਵਿਭਾਗ ਵਲੋਂ ਆਇਆ ਸੀ।

'ਸ਼ਹੀਦੇ ਮੁਹੱਬਤ' ਬੂਟਾ ਸਿੰਘ ਦੀ ਸੱਚੀ ਕਹਾਣੀ ਉਤੇ ਆਧਾਰਤ ਹੈ। ਦੇਸ਼ ਦੀ ਵੰਡ ਵੇਲੇ ਇਕ ਸਾਬਕਾ ਫ਼ੌਜੀ ਬੂਟਾ ਸਿੰਘ ਇਕ ਮੁਸਲਮਾਨ ਕੁੜੀ ਨੂੰ ਧਾੜਵੀਆਂ ਕੋਲੋਂ ਬਚਾਉਂਦਾ ਹੈ। ਉਹਨੂੰ ਆਪਣੇ ਘਰ ਪਨਾਹ ਦਿੰਦਾ ਹੈ। ਉਸ ਦੀ ਜਾਨ ਦੀ ਰੱਖਿਆ ਲਈ ਧਾੜਵੀਆਂ ਨੂੰ ਉਸ ਦਾ ਮੁੱਲ ਵੀ ਚੁਕਾਉਂਦਾ ਹੈ। ਫੇਰ ਉਹ ਕੁੜੀ ਆਪਣੀ ਮਰਜ਼ੀ ਨਾਲ ਬੂਟਾ ਸਿੰਘ ਨਾਲ ਆਪਣਾ ਨਾਤਾ ਜੋੜਦੀ ਹੈ ਅਤੇ ਪਿੰਡ ਦੇ ਗੁਰਦੁਆਰੇ ਵਿਚ ਉਨ੍ਹਾਂ ਦਾ ਵਿਆਹ ਹੁੰਦਾ ਹੈ। ਪਰ ਜਿਸ ਤਰ੍ਹਾਂ ਇਤਿਹਾਸ ਹੈ, ਦੋਨੋਂ ਸਰਕਾਰਾਂ ਫ਼ੈਸਲਾ ਕਰਦੀਆਂ ਹਨ ਕਿ ਇਧਰ ਰਹਿ ਚੁੱਕੀਆਂ ਮੁਸਲਮਾਨ ਕੁੜੀਆਂ ਨੂੰ ਪਾਕਿਸਤਾਨ ਭੇਜਣਾ ਹੈ ਅਤੇ ਉਧਰ ਰਹਿ ਗਈਆਂ ਹਿੰਦੂ-ਸਿੱਖ ਕੁੜੀਆਂ ਨੂੰ ਇਧਰ ਹਿੰਦੁਸਤਾਨ ਲਿਆਉਣਾ ਹੈ। ਮੁਸਲਮਾਨ ਕੁੜੀ ਨੂੰ ਪਾਕਿਸਤਾਨ ਭੇਜ ਦਿੱਤਾ ਜਾਂਦਾ ਹੈ। ਬੂਟਾ ਸਿੰਘ ਉਹਦੇ ਪਿੱਛੇ ਪਾਕਿਸਤਾਨ ਜਾਂਦਾ ਹੈ। ਕਾਨੂੰਨ ਦਾ ਦਰ ਖੜਕਾਉਂਦਾ ਹੈ ਪਰ ਸਫ਼ਲ ਨਹੀਂ ਹੁੰਦਾ। ਉਹ ਵਾਪਸ ਹਿੰਦੁਸਤਾਨ ਨਹੀਂ ਆਉਂਦਾ। ਉਥੇ ਹੀ ਗੱਡੀ ਥੱਲੇ ਆ ਕੇ ਆਪਣੀ ਜਾਨ ਦੇ ਦਿੰਦਾ ਹੈ। ਲਾਹੌਰ ਉਹਦੀ ਮਜ਼ਾਰ ਬਣੀ ਹੋਈ ਹੈ।

ਇਸ ਮਾਨਵਵਾਦੀ ਕਹਾਣੀ ਨੂੰ ਕਾਫ਼ੀ ਤਸੱਲੀਬਖਸ਼ ਤਰੀਕੇ ਨਾਲ ਫ਼ਿਲਮਾਇਆ ਗਿਆ ਹੈ। ਇਸ ਤੋਂ ਪਹਿਲਾਂ ਇਸ ਵਿਸ਼ੇ ਉਤੇ ਹਰਸਰਨ ਸਿੰਘ ਦਾ ਨਾਟਕ 'ਇਕ ਵਿਚਾਰੀ ਮਾਂ' ਇਕ ਕਲਾਸਕੀ ਦਰਜਾ ਰੱਖਦਾ ਹੈ। ਬਹੁਤ ਸਾਰੀਆਂ ਘਾਟਾਂ ਦੇ ਬਾਵਜੂਦ ਇਹ ਫ਼ਿਲਮ ਦਰਸ਼ਕਾਂ ਨੂੰ ਝੰਜੋੜਦੀ ਹੈ। ਘਾਟਾਂ ਬਾਰੇ ਵੀ ਸਪਸ਼ਟ ਤਰੀਕੇ ਨਾਲ ਇਹ ਜ਼ਾਹਿਰ ਹੁੰਦਾ ਹੈ ਕਿ ਨਿਰਮਾਤਾ ਕੋਲ ਬਜਟ ਦਾ ਘਾਟਾ ਹੈ ਜਾਂ ਕਹਿ ਲਵੋ ਪੰਜਾਬੀ ਫ਼ਿਲਮਾਂ ਦੀ ਮਾਰਕਿਟ ਵਿਚ ਸੀਮਤ ਕੀਮਤ ਕਰਕੇ ਨਿਰਮਾਤਾ ਨੇ ਸੰਕੋਚ ਕੀਤਾ ਲਗਦਾ ਹੈ। ਗੁਰਦਾਸ ਮਾਨ ਦਾ ਗਾਇਆ ਇਕ ਗੀਤ 'ਤੇਰੇ ਸ਼ਹਿਰ ਤੋਂ' ਇਕ ਯਾਦਗਾਰੀ ਗੀਤ ਹੈ। ਇਹ ਸਾਫ਼ ਹੈ ਕਿ ਇਸ ਫ਼ਿਲਮ ਦੀ ਖ਼ੂਬਸੂਰਤੀ ਜਾਂ ਵਾਜਬਤਾ ਇਸੇ ਕਰਕੇ ਹੈ ਕਿ ਇਹ ਫ਼ਿਲਮ ਪੰਜਾਬੀ ਜ਼ਬਾਨ ਦੀ ਹੈ। ਇਹੋ ਫ਼ਿਲਮ ਜੇ ਹਿੰਦੀ ਵਿਚ ਬਣੀ ਹੁੰਦੀ ਤਾਂ ਇਹਦੀ ਕੋਈ ਕੀਮਤ ਨਹੀਂ ਸੀ। ਕੁਝ ਸਾਲ ਪਹਿਲਾਂ ਮੜ੍ਹੀ ਦਾ ਦੀਵਾ ਨਾਵਲ ਉਤੇ ਬਣੀ ਫ਼ਿਲਮ ਨੇ ਵੀ ਇਹ ਸਿੱਧ ਕੀਤਾ ਸੀ।

ਪੰਜਾਬੀ ਫ਼ਿਲਮਾਂ ਬਾਰੇ ਗੱਲ ਕਰਦਿਆਂ ਹੀ ਤੇਲੂ ਰਾਮ ਕੁਹਾੜਾ ਦੀ ਕਿਤਾਬ ਸ਼ਹਿਰ ਤੇ ਸਮੁੰਦਰ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੋ ਜਾਂਦਾ ਹੈ। ਤੇਲੂ ਰਾਮ ਕੁਹਾੜਾ ਸਾਡਾ ਇਕ ਸਥਾਪਤ ਸਾਹਿਤਕਾਰ ਹੈ। ਉਹਨੇ ਇਹ ਕਿਤਾਬ ਇਕ ਆਪ ਬੀਤੀ ਦੇ ਰੂਪ ਵਿਚ ਲਿਖੀ ਹੈ। ਇਸ ਵਿਚ ਸਾਰੇ ਉਸ ਤਜਰਬੇ ਦਾ ਵਿਸਥਾਰ ਨਾਲ ਬਿਰਤਾਂਤ ਹੈ ਜਿਹੜਾ ਉਸ ਨੂੰ ਅਤੇ ਉਹਦੇ ਸਾਥੀਆਂ ਨੂੰ ਫ਼ਿਲਮ 'ਰਾਂਝਣ ਮੇਰਾ ਯਾਰ' ਬਣਾਉਣ ਵੇਲੇ ਹੋਇਆ।

ਕੁਝ ਚੰਗੇ ਇਰਾਦੇ ਵਾਲੇ ਦੋਸਤ ਇਕੱਠੇ ਹੁੰਦੇ ਹਨ ਅਤੇ ਇਕ ਪ੍ਰਾਜੈਕਟ ਬਣਾ ਕੇ ਫ਼ਿਲਮ ਦਾ ਨਿਰਮਾਣ ਸ਼ੁਰੂ ਕਰਦੇ ਹਨ। 'ਸ਼ਹਿਰ ਤੇ ਸਮੁੰਦਰ' ਆਪਣੇ ਆਪ ਵਿਚ ਇਕ ਐਸਾ ਦਸਤਾਵੇਜ਼ ਹੈ, ਜੋ ਹਰ ਉਸ ਨਿਰਮਾਤਾ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਜੋ ਪੰਜਾਬੀ ਫ਼ਿਲਮ ਬਣਾਉਣ ਵਿਚ ਦਿਲਚਸਪੀ ਰੱਖਦਾ ਹੈ। ਫ਼ਿਲਮ ਸਨਅਤ ਦੇ ਸਾਰੇ ਉਤਰਾਅ-ਚੜ੍ਹਾਅ ਲੇਖਕ ਨੇ ਬੜੇ ਵਿਸਥਾਰ ਨਾਲ ਬਿਆਨ ਕੀਤੇ ਹਨ। ਇਹ ਬਿਰਤਾਂਤ ਪੜ੍ਹ ਕੇ ਇਹੀ ਲਗੇਗਾ ਕਿ ਕੋਈ ਪੰਜਾਬੀ ਫ਼ਿਲਮ ਬਣਾਉਣ ਦਾ ਕਦੇ ਸੋਚੇ ਹੀ ਨਾ। ਸਭ ਕੁਝ ਝੂਠ, ਫਰੇਬ, ਧੋਖੇ ਅਤੇ ਫੌੜ੍ਹ ਮਾਰਨ ਦਾ ਹੀ ਵਰਤਾਰਾ ਹੈ। ਤੇਲੂ ਰਾਮ ਕੁਹਾੜਾ ਨੇ ਇਹ ਕਿਤਾਬ ਲਿਖ ਕੇ ਪੰਜਾਬ ਦੇ ਲੋਕਾਂ ਦੀ ਅਤੇ ਖਾਸ ਕਰਕੇ ਫ਼ਿਲਮਾਂ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਵੱਡੀ ਸੇਵਾ ਕੀਤੀ ਹੈ। (**ਪ੍ਰਕਾਸ਼ਕ: ਬਲਬੀਰ ਸਿੰਘ, ਪਿੰਡ ਅਤੇ ਡਾਕਖਾਨਾ ਕੁਹਾੜਾ, ਜ਼ਿਲਾ ਲੁਧਿਆਣਾ**)।

ਫੇਰ ਕੀਤਾ ਕੀ ਜਾਏ? ਇਕ ਸਿਆਣੇ ਨਿਰਮਾਤਾ ਨੇ ਦੱਸਿਆ ਹੈ ਕਿ ਅੱਜ ਦੇ ਸਮੇਂ ਵਿਚ ਇਕ ਚੰਗੀ ਪੰਜਾਬੀ ਫ਼ਿਲਮ 30 ਲੱਖ ਦੇ ਆਲੇ-ਦੁਆਲੇ ਦੇ ਬਜਟ ਵਿਚ ਜ਼ਰੂਰ ਮੁਕੰਮਲ ਕੀਤੀ ਜਾ ਸਕਦੀ ਹੈ। ਇਹ ਰਕਮ ਜੇਕਰ ਕੋਈ ਵਪਾਰਕ ਕਿਸਮ ਦਾ ਬੰਦਾ ਲਾਏਗਾ ਤਾਂ ਉਹ ਫ਼ਿਲਮ ਨੂੰ ਕਮਰਸ਼ਲ ਬਣਾਉਣ ਲਈ ਹਰ ਕਿਸਮ ਦਾ ਸਮਝੌਤਾ ਕਰੇਗਾ। ਗੱਲ ਨਹੀਂ ਬਣੇਗੀ। ਜਿਹੜੇ ਸੰਵੇਦਨਸ਼ੀਲ ਲੋਕ ਹਨ, ਉਨ੍ਹਾਂ ਕੋਲ ਏਨਾ ਪੈਸਾ ਹੁੰਦਾ ਨਹੀਂ। ਸਰਕਾਰ ਕੋਲੋਂ ਗਿਆਰਾਂ ਲੱਖ ਸਬਸਿਡੀ ਲੈਣੀ ਵੀ ਕੋਈ ਸੌਖੀ ਗੱਲ ਨਹੀਂ। ਜਿਹੜਾ ਸਰਕਾਰੀ ਪ੍ਰਬੰਧ ਗਰੀਬ ਦੀ ਲੜਕੀ ਵਾਸਤੇ ਪੰਜ ਹਜ਼ਾਰ ਦੀ ਗਰਾਂਟ ਦੇਣ ਲੱਗਿਆਂ ਲੈਣ ਵਾਲਿਆਂ ਦੀਆਂ ਲੀਕਾਂ ਕਢਾ ਦਿੰਦਾ ਹੈ, ਉਹ ਗਿਆਰਾਂ ਲੱਖ ਐਵੇਂ ਤਾਂ ਦੇ ਨਹੀਂ ਦੇਵੇਗਾ। ਕੀ ਫੇਰ ਪੰਜਾਬੀ ਫ਼ਿਲਮਾਂ ਨਾ ਬਣਨ? ਜਵਾਬ ਨਾਂਹ ਵਿਚ ਦੇਣ ਦੀ ਥਾਂ ਰਾਹ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ।

ਉਮੀਦ ਕਿੱਥੇ ਹੈ? ਸੰਵੇਦਨਸ਼ੀਲ ਵਿਅਕਤੀ ਇਹਦੇ ਲਈ ਇਕ ਸਾਂਝਾ ਉਪਰਾਲਾ ਕਰਨ। ਇਹ ਉਪਰਾਲਾ ਕਿਸੇ ਵੇਲੇ ਇਪਟਾ ਵਰਗੀ ਸੰਸਥਾ ਨੇ ਕੀਤਾ ਸੀ ਅਤੇ 'ਧਰਤੀ ਦੇ ਲਾਲ' ਵਰਗੀ ਕਲਾਸਿਕੀ ਫ਼ਿਲਮ ਬਣਾਈ ਸੀ। ਹੁਣ ਵੀ ਸੰਸਥਾਗਤ ਕਿਸਮ ਦਾ ਉਪਰਾਲਾ ਹੋਣਾ ਚਾਹੀਦਾ ਹੈ। ਇਕ ਇਕ ਲੱਖ ਪਾ ਕੇ ਸਾਂਝਾ ਫ਼ੰਡ ਬਣਾਇਆ ਜਾਏ। ਫ਼ੰਡ ਪਾਉਣ ਵਾਲੇ ਇਹ ਕੰਮ ਮਿਸ਼ਨ ਸਮਝ ਕੇ ਕਰਨ ਅਤੇ ਇਹ ਸੋਚ ਲੈਣ ਕਿ ਜੇ ਡੁੱਬ ਗਿਆ ਤਾਂ ਸਮਝੋ ਨੁਕਸਾਨ ਹੋ ਗਿਆ। ਜ਼ਿੰਦਗੀ ਵਿਚ ਵੱਡੇ ਵੱਡੇ ਨੁਕਸਾਨ ਇਨਸਾਨ ਬਰਦਾਸ਼ਤ ਕਰਦਾ ਹੈ। ਉਂਜ ਯਕੀਨ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਇਹ ਡੁੱਬੇਗਾ ਨਹੀਂ। ਸਿਰ ਜੋੜ ਕੇ ਬੈਠਿਆ ਜਾਏ। ਸਾਡੇ ਕੋਲ ਬਹੁਤ ਐਸੇ ਲੋਕ ਹਨ ਜੋ ਹਿੱਸਾ ਪਾਉਣ ਲਈ ਤਿਆਰ ਹੋਣਗੇ। ਸਿਰਫ਼ ਪਹਿਲਕਦਮੀ ਦੀ ਲੋੜ ਹੈ।

ਦਸ ਸਾਲ ਪਹਿਲਾਂ ਮੈਂ ਆਪ ਇਹੋ ਜਿਹਾ ਇਕ ਉਪਰਾਲਾ ਕੀਤਾ ਸੀ ਪਰ ਉਹ ਵਿਅਕਤੀਗਤ ਸੀ। ਸਫ਼ਲ ਨਹੀਂ ਹੋਇਆ। ਪਰ ਮੈਨੂੰ ਇਹ ਵੀ ਪਤਾ ਏ ਕਿ ਇਹ ਕੰਮ ਮੁਸ਼ਕਲ ਨਹੀਂ। ਸਾਡੇ ਕੋਲ ਸਿਆਣੇ ਫ਼ਿਲਮਸਾਜ਼ ਹਨ। ਟੈਕਨੀਕਲ ਜਾਣਕਾਰੀ ਵਾਲੇ ਸਿਆਣੇ ਲੋਕ ਹਨ। ਸਭ ਤੋਂ ਉਤੇ ਉਹ ਸੁਹਿਰਦ ਲੋਕ ਹਨ ਜੋ ਆਪਣੀ ਜ਼ਬਾਨ ਵਿਚ ਚੰਗੀ ਫ਼ਿਲਮ ਵੇਖਣਾ ਚਾਹੁੰਦੇ ਹਨ। ਸਰਕਾਰ ਜਾਂ ਉਹਦੀਆਂ ਬਣਾਈਆਂ ਹੋਈਆਂ ਏਜੰਸੀਆਂ ਜੇ ਕੋਈ ਸਹਾਇਤਾ ਦੇਣ ਤਾਂ ਠੀਕ ਹੈ, ਨਹੀਂ ਤਾਂ ਆਪ ਹਿੰਮਤ ਕੀਤੀ ਜਾਏ। ਇਹ ਕੰਮ ਰੁਕਣਾ ਨਹੀਂ ਚਾਹੀਦਾ। ਇਹ ਸਮੇਂ ਦੀ ਲੋੜ ਹੈ। ਚੰਗੀ ਪੰਜਾਬੀ ਫ਼ਿਲਮ ਹਰ ਹਾਲਤ ਬਣਨੀ ਚਾਹੀਦੀ ਹੈ।